# ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ/ਪ੍ਰਿੰਸੀਪਲ ਸਕੱਤਰ/
ਪ੍ਰਬੰਧਕੀ ਸਕੱਤਰ/ ਵਿੱਤੀ ਕਮਿਸ਼ਨਰ
ਸਕੱਤਰ, ਪੰਜਾਬ ਵਿਧਾਨ ਸਭਾ, ਪੰਜਾਬ, ਚੰਡੀਗੜ੍ਹ,
ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰਜ ਤੇ
ਜਿਲ੍ਹਾਂ ਦੇ ਸੈਸ਼ਨ ਜੱਜ, ਪੰਜਾਬ।

ਨੰ. ਬ.ਫ. 16/2018-ਸੀਏਜੀ/ਅ-2/ 5486-5672 ਮਿਤੀ. 15/12/22

ਵਿਸ਼ਾ ਦਫਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਿੱਚ ਕਲਰਕਾਂ ਦੀਆਂ 03 ਆਸਾਮੀਆਂ ਬਦਲੀ ਦੀ ਵਿੱਧੀ ਰਾਹੀਂ ਪੱਕੇ ਤੌਰ ਤੇ ਭਰਨ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਿਖੇ ਕਲਰਕਾਂ ਦੀਆਂ ਤਿੰਨ ਆਸਾਮੀਆਂ ਨੂੰ ਰਾਜ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚੋ ਰੈਗੂਲਰ ਤੌਰ ਤੇ ਕੰਮ ਕਰ ਰਹੇ ਕਲਰਕਾਂ ਜਿਨ੍ਹਾਂ ਵੱਲੋਂ ਰੂਲਾਂ ਅਨੁਸਾਰ ਪਰਖਕਾਲ ਦਾ ਸਮਾਂ ਤਸੱਲੀਬਖਸ਼ ਢੰਗ ਨਾਲ ਪਾਰ ਕਰ ਲਿਆ ਗਿਆ ਹੋਵੇ, ਵਿੱਚੋਂ ਯੋਗ ਪ੍ਰਣਾਲੀ ਰਾਹੀਂ ਭਰਤੀ ਕਰਨ ਲਈ ਫੈਸਲਾ ਕੀਤਾ ਗਿਆ ਹੈ। ਕਲਰਕਾਂ ਦੀ ਨਿਯੁਕਤੀ ਲਈ The Punjab Public Service Commission (State Service Class III) Regulations, 1967 ਅਤੇ ਪੰਜਾਬ ਸਿਵਲ ਸਰਵਿਸ (ਜਨਰਲ ਐਂਡ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲ 1994 ਵਿੱਚ ਦਰਜ ਸ਼ਰਤਾਂ ਲਾਗੂ ਹੋਣਗੀਆਂ।

2. **ਕਲਰਕਾਂ ਦੀਆਂ 03 ਆਸਾਮੀਆਂ ਦਾ ਰਾਖਵਾਂ ਕਰਨ ਨਿਮਨ ਅਨੁਸਾਰ ਹੈ-**

| ਲੜੀ.ਨੰ. | ਰਾਖਵਾਕਰਨ | ਆਸਾਮੀਆਂ ਦੀ ਗਿਣਤੀ |
|---|---|---|
| 1. | ਜਨਰਲ (ਅਣਰਾਖਵਾ) | 01 (ਇਸਤਰੀ) |
| 2. | ਸਾਬਕਾ ਫੋਜੀ ਇਸਤਰੀ/ਸਾਬਕਾ ਫੋਜੀ/ਸਾਬਕਾ ਫੋਜੀ ਦੇ ਆਸ਼ਰਿਤ | 01 (ਸਾਬਕਾ ਫੋਜੀ (ਇ) ਨਾ ਮਿਲਣ ਦੀ ਸੂਰਤ ਵਿੱਚ ਸਾਬਕਾ ਫੋਜੀ (ਮੇਲ) ਨਾ ਮਿਲਣ ਦੀ ਸੂਰਤ ਵਿੱਚ ਸਾਬਕਾ ਫੋਜੀ ਦੇ ਅਸ਼ਰਿਤ ਵਿੱਚ ਭਰੀ ਜਾਣੀ ਹੈ। |
| 3. | ਅੰਗਹੀਣ | ਇਹ ਆਸਾਮੀ ਅੰਗਹੀਣ (Visually Handicapped) ਇਸਤਰੀ ਵਰਗ ਵਿਚੋਂ ਭਰੀ ਜਾਣੀ ਹੈ। |

ਨੋਟ- ਉਕਤ ਆਸਾਮੀਆਂ ਵਿਚੋ ਕਿਸੇ ਵੀ ਸਮੇਂ ਵਾਧਾ ਘਾਟਾ ਕੀਤਾ ਜਾ ਸਕਦਾ ਹੈ-

3. ਕਿਉਕਿ ਵਿੱਤ ਵਿਭਾਗ, ਪੰਜਾਬ (ਵਿੱਤ ਪ੍ਰਸੋਨਲ-2 ਸ਼ਾਖਾ) ਦੇ ਪੱਤਰ ਨੰ. 06/20/2017-1FP2/734, ਮਿਤੀ. 07.11.2017 ਰਾਹੀਂ ਜਾਰੀ ਹਦਾਇਤਾਂ ਦੇ ਅਨੁਸਾਰ ਬੋਰਡ, ਕਾਰਪੋਰੇਸ਼ਨਾਂ ਅਤੇ ਸਵੈ-ਨਿਰਭਰ ਅਦਾਰਿਆਂ ਵਿੱਚ ਤੈਨਾਤ ਕਰਮਚਾਰੀਆਂ ਦੀ ਤਨਖਾਹ ਵਿਭਾਗ ਵਿੱਚ ਪ੍ਰੋਟੈਕਟ ਨਹੀ ਕੀਤੀ ਜਾ ਸਕਦੀ, ਇਸ ਲਈ ਬੋਰਡ, ਕਾਰਪੋਰੇਸ਼ਨਾਂ ਅਤੇ ਸਵੈ-ਨਿਰਭਰ ਅਦਾਰਿਆਂ ਵਿੱਚ ਤੈਨਾਤ ਕਰਮਚਾਰੀਆਂ ਵੱਲੋ ਪ੍ਰਾਪਤ ਪ੍ਰਤੀ ਬੇਨਤੀਆਂ ਨੂੰ ਉਕਤ ਆਸਾਮੀਆਂ ਤੇ ਭਰਤੀ ਲਈ ਵਿਚਾਰਿਆ ਨਹੀ ਜਾਵੇਗਾ।

4. ਪਿਛਲੇ ਪੰਨੇ ਤੇ ਅਨੁਸਾਰ ਆਸਾਮੀਆਂ ਤੇ ਚਾਹਵਾਨ ਕਰਮਚਾਰੀਆਂ ਦੀਆਂ ਦਰਖਾਸਤਾਂ ਸਮੇਤ ਵਿੱਦਿਅਕ ਯੋਗਤਾਵਾਂ ਦੇ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ, ਲਗਾਤਾਰ ਨਿਯੁਕਤੀ ਦੀ ਮਿਤੀ ਦੇ ਵੇਰਵੇ ਅਤੇ ਵਿਭਾਗ ਦੇ ਮੁੱਖੀ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ, ਕਰਮਚਾਰੀ ਵਿਰੁੱਧ ਵਿਭਾਗੀ/ਚੌਕਸੀ ਅਤੇ ਕੋਰਟ ਕੇਸ ਨਾ ਹੋਣ ਬਾਰੇ ਸਰਟੀਫਿਕੇਟ ਜਾਰੀ ਕਰਦੇ ਹੋਏ ਸੋਧੇ ਤਨਖਾਹ ਨਿਯਮ, 2021 ਵਿੱਚ ਦਰਸਾਏ ਸ਼ਡਿਊਲ ਦੇ ਲੈਵਲ-3 ਵਿੱਚ ਕੰਮ ਕਰ ਰਹੇ ਕਲਰਕਾਂ ਦੀਆਂ (ਨਿਯੁਕਤੀ ਪੱਤਰ ਸਮੇਤ) ਦਰਖਾਸਤਾਂ ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਾਰੀ ਗਾਰਡਨ,ਪਟਿਆਲਾ ਵਿਖੇ ਨੱਥੀ ਪ੍ਰੋਫਾਰਮੇ ਅਨੁਸਾਰ ਮਿਤੀ. 31.01.2023 ਤੱਕ ਭੇਜੀਆਂ ਜਾਣ। ਅਧੂਰੀਆਂ ਅਤੇ ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਦਰਖਾਸਤਾਂ ਵਿਚਾਰੀਆਂ ਨਹੀ ਜਾਣਗੀਆਂ।

5. ਇਹ ਯਕੀਨੀ ਬਣਾਇਆ ਜਾਵੇ ਕਿ ਯੋਗ ਪ੍ਰਣਾਲੀ ਰਾਹੀਂ ਸਿਫਾਰਿਸ਼ ਕੀਤੇ ਗਏ ਕਲਰਕਾਂ ਦਾ ਪਰਖਕਾਲ ਸਮਾਂ ਪੂਰਾ ਹੋਵੇ, No Objection Certificate ਜਾਰੀ ਕੀਤਾ ਹੋਏ ਅਤੇ ਇਹ ਧਿਆਨ ਰੱਖਿਆ ਜਾਵੇ ਕਿ ਕਰਮਚਾਰੀ ਰੈਗੂਲਰ ਤੌਰ ਤੇ ਨਿਯੁਕਤ ਕੀਤੇ ਹੋਣ ਭਾਵ ਉਹਨਾਂ ਦੀ ਨਿਯੁਕਤੀ ਤਦ-ਅਰਥ ਜਾਂ ਵਰਕ ਚਾਰਜ ਨਾ ਹੋਵੇ। ਯੋਗ ਪਾਏ ਗਏ ਉਮੀਦਵਾਰਾਂ ਵਿੱਚੋਂ ਵੱਧ ਤਜਰਬਾ ਰੱਖਣ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। (ਜੇਕਰ ਦੋ ਕਰਮਚਾਰੀਆਂ ਦਾ ਤਜਰਬਾ ਬਰਾਬਰ ਹੋਵੇਗਾ ਤਾਂ ਵੱਧ ਉਮਰ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ)।

ਸਕੱਤਰ

# ਪ੍ਰੋਫਾਰਮਾ

ਪਾਸਪੋਰਟ ਸਾਈਜ ਫੋਟੋ

1. ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ ਅਤੇ ਪੂਰਾ ਪਤਾ:
2. ਉਮੀਦਵਾਰ ਦਾ ਮੋਬਾਇਲ ਨੰਬਰ:
3. ਉਮੀਦਵਾਰ ਦਾ ਈ-ਮੇਲ ਪਤਾ:
4. ਜਨਮ ਮਿਤੀ:
5. ਬਤੌਰ ਕਲਰਕ ਰੈਗੂਲਰ ਨਿਯੁਕਤੀ ਦੀ ਮਿਤੀ:
6. ਬਤੌਰ ਕਲਰਕ ਪਰਖਕਾਲ ਸਮਾਂ ਪਾਰ ਕਰਨ ਦੀ ਮਿਤੀ:
7. ਵਿਦਿਅਕ ਯੋਗਤਾਵਾ:
8. ਕੰਪਿਊਟਰ ਯੋਗਤਾ:
9. ਮੌਜੂਦਾ ਤਨਖਾਹ ਸਕੇਲ ਅਤੇ ਅਹੁਦਾ:
10. ਕੀ ਕੋਈ ਵਿਭਾਗੀ ਇੰਨਕੁਆਰੀ/ਸ਼ਿਕਾਇਤ/ਕੋਰਟ ਕੇਸ ਉਮੀਦਵਾਰ ਦੇ ਵਿਰੁੱਧ ਪੈਡਿੰਗ ਤਾਂ ਨਹੀ ਜੇ ਉੱਤਰ ਹਾਂ ਵਿੱਚ ਹੋਵੇ ਤਾਂ ਉਸਦੇ ਵੇਰਵੇ:
11. ਕੈਟਾਗਰੀ (03 ਆਸਾਮੀਆਂ ਲਈ ਕੈਟਾਗਰੀ ਦਾ ਵੇਰਵਾ ਨਿਮਨ ਅਨੁਸਾਰ ਹੈ। ਕੈਟਾਗਰੀ ਸਬੰਧੀ ਸਬੂਤ ਨਾਲ ਨੱਥੀ ਕੀਤਾ ਜਾਵੇ-)

| ਲੜੀ.ਨੰ. | ਰਾਖਵਾਕਰਨ | ਆਸਾਮੀਆਂ ਦੀ ਗਿਣਤੀ |
|---|---|---|
| 1. | ਜਨਰਲ (ਅਣਰਾਖਵਾ) | 01 (ਇਸਤਰੀ) |
| 2. | ਸਾਬਕਾ ਫੌਜੀ ਇਸਤਰੀ/ਸਾਬਕਾ ਫੋਜੀ/ਸਾਬਕਾ ਫੋਜੀ ਦੇ ਆਸ਼ਰਿਤ | 01 (ਸਾਬਕਾ ਫੋਜੀ (ਇ) ਨਾ ਮਿਲਣ ਦੀ ਸੂਰਤ ਵਿੱਚ ਸਾਬਕਾ ਫੋਜੀ (ਮੇਲ) ਨਾ ਮਿਲਣ ਦੀ ਸੂਰਤ ਵਿੱਚ ਸਾਬਕਾ ਫੋਜੀ ਦੇ ਅਸ਼ਰਿਤ ਵਿੱਚ ਭਰੀ ਜਾਣੀ ਹੈ। |
| 3. | ਅੰਗਹੀਣ | ਇਹ ਆਸਾਮੀ ਅੰਗਹੀਣ (Visually Handicapped) ਇਸਤਰੀ ਵਰਗ ਵਿਚੋਂ ਭਰੀ ਜਾਣੀ ਹੈ। |

12. ਉਮੀਦਵਾਰ ਦੇ ਹਸਤਾਖਰ ਪੰਜਾਬੀ ਵਿੱਚ-------------------------------

ਅੰਗਰੇਜੀ ਵਿੱਚ-------------------------------

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪ੍ਰੋਫਾਰਮੇ ਵਿੱਚ ਭਰੀ ਸੂਚਨਾਂ ਸਹੀ ਅਤੇ ਦਫਤਰੀ ਰਿਕਾਰਡ ਤੇ ਆਧਾਰਤ ਹੈ ਅਤੇ ਸ੍ਰੀ/ਸ੍ਰੀਮਤੀ.......................................ਨੇ ਨਿਮਨ- ਹਸਤਾਖਰ ਦੇ ਸਾਹਮਣੇ ਹਸਤਾਖਰ ਕੀਤੇ ਹਨ।

ਦਫਤਰ ਦੇ ਮੁੱਖੀ ਦੇ ਹਸਤਾਖਰਤ